# ਰੋਜਾਨਾ ਕਰਾਇਮ ਰਿਪੋਰਟ ਮਿਤੀ 22.07.2024

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ, ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਾਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਲੱਖੇਵਾਲੀ | 32 ਮਿਤੀ 21.07.24 ਅ/ਧ 303(2) ,317(2) BNS | ਪਿੰਡ ਮਦਰੱਸਾ | ਮਲਕੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਗੁਰੂ ਤੇਗ ਬਹਾਦਰ ਨਗਰ,ਵਾਰਡ ਨੰ:02,ਗਲੀ ਨੰ:06,ਗਿੱਦੜਬਾਹਾ | 1. ਗਗਨਦੀਪ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਪਿੰਡ ਮਹਿਤਾ, ਉਮਰ ਕਰੀਬ 29 ਸਾਲ<br>2. ਅਕਾਸ਼ਦੀਪ ਸਿੰਘ ਪੁੱਤਰ ਸੁਖਪਾਲ ਸਿੰਘ ਵਾਸੀ ਪਿੰਡ ਮਹਿਤਾ ਜਿਲਾ ਬਠਿੰਡਾ, ਉਮਰ ਕਰੀਬ 24 ਸਾਲ<br>3. ਅਵਤਾਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਗਹਿਰੀ ਬੁੱਟਰ ਜਿਲਾ ਬਠਿੰਡਾ, ਉਮਰ ਕਰੀਬ 28 ਸਾਲ | ਸਾਰੇ ਦੋਸ਼ੀਆਨ ਦੀ ਗ੍ਰਿਫਤਾਰੀ ਹੋ ਚੁੱਕੀ ਹੈ | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਮਿਤੀ 20.07.2024 ਨੂੰ ਹੋਲ:ਸੰਦੀਪ ਸਿੰਘ ਨੰ:1143/ਸਮਸ ਸਮੇਤ ਪੁਲਿਸ ਪਾਰਟੀ ਦੇ ਲਿੰਕ ਰੋਡ,ਮਹਾਂਬੱਧਰ ਤੋ ਭੰਗਚੜੀ ਪੁਲ ਸੂਆ ਨਾਕਾਬੰਦੀ ਪਰ ਮੋਜੂਦ ਸੀ ਤਾਂ ਮੁਦਈ ਮੁਕੱਦਮਾ ਮਲਕੀਤ ਸਿੰਘ ਪੁੱਤਰ ਸੁਪਰ ਵਾਇਜਰ B4s ਕੰਪਨੀ ਪੁੱਤਰ ਜਰਨੈਲ ਸਿੰਘ ਵਾਸੀ ਗੁਰੂ ਤੇਗ ਬਹਾਦੁਰ ਨਗਰ ਵਾਰਡ ਨੰਬਰ 02 ਗਲੀ ਨੰਬਰ 06 ਗਿੱਦੜਬਾਹਾ ਨੇ ਸਮੇਤ ਆਪਣੇ ਸਾਥੀ ਅਮਰਜੀਤ ਸਿੰਘ ਅਤੇ ਸਤਨਾਮ ਸਿੰਘ ਦੇ ਹਾਜਰ ਆ ਸਮੇਤ ਮੁਕੱਦਮਾ ਉਕਤ ਦੇ ਦੋਸ਼ੀਆਨ ਗਗਨਦੀਪ ਸਿੰਘ ਪੁੱਤਰ ਜਗਦੇਵ ਸਿੰਘ, ਅਕਸਾਦੀਪ ਸਿੰਘ ਪੁੱਤਰ ਸੁਖਪਾਲ ਸਿੰਘ ਵਾਸੀਆਨ ਮਹਿਤਾ ਥਾਣਾ ਸੰਗਤ ਜਿਲਾ ਬਠਿੰਡਾ ਅਤੇ ਅਵਤਾਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਗਹਿਰੀ ਬੱਟਰ ਥਾਣਾ ਸੰਗਤ ਜਿਲਾ ਬਠਿੰਡਾ ਨੂੰ ਸਮੇਤ ਗੱਡੀ ਮਾਰਕਾ ਹੋਡਾ ਸਿਟੀ ਰੰਗ ਕਾਲਾ ਨੰਬਰੀ PB-03- BK-2985 ਅਤੇ ਦੋਸ਼ੀਆਨ ਵਲੋ ਚੋਰੀ ਕੀਤੇ ਹੋਏ 02 AZNA ਕਾਰਡ ਦੇ ਲਿਆ ਕੇ ਹੋਲ:ਸੰਦੀਪ ਸਿੰਘ ਨੰ:1143/ਸਮਸ ਦੇ ਪੇਸ਼ ਕੀਤਾ ਅਤੇ ਆਪਣਾ ਬਿਆਨ ਲਿਖਾਇਆ ਕਿ" ਉਸਦੀ ਡਿਊਟੀ ਬਤੌਰ ਸੁਪਰਵਾਇਜਰ ਜਿਲਾ ਸ੍ਰੀ ਮੁਕਤਸਰ ਸਾਹਿਬ ਵਿਖੇ ਲੱਗੇ Inder tower ਕੰਪਨੀ ਦੇ ਟਾਵਰ ਦੀ ਨਿਗਰਾਨੀ ਤੇ ਲੱਗੀ ਹੈ ਅਤੇ ਅੱਜ ਅਸੀ ਗੱਡੀ ਮਾਰਕਾ ਮਹਿੰਦਰਾ KUV ਨੰਬਰੀ PB-13- F-8156 ਪਰ ਸਮੇਤ ਡਰਾਇਵਰ ਸਤਨਾਮ ਸਿੰਘ ਪੁੱਤਰ ਟਹਿਲ ਸਿੰਘ ਵਾਸੀ ਤੱਪਾ ਖੇੜਾ ਅਤੇ ਅਮਰਜੀਤ ਸਿੰਘ ਪੁੱਤਰ ਸਮਸੇਰ ਸਿੰਘ ਵਾਸੀ ਪਟੇਲ ਨਗਰ ਮਲੋਟ ਨਾਲ ਗਸ਼ਤ ਕਰ ਰਹੇ ਸੀ ਜਦ ਅਸੀ ਗਸ਼ਤ ਕਰਦੇ ਹੋਏ ਪਿੰਡ ਤਾਮਕੋਟ ਵਿਖੇ ਲੱਗੇ ਟਾਵਰ ਪਰ ਪੁੱਜੇ ਤਾ ਟਾਵਰ ਦੇ ਹੇਠਾਂ ਤਿੰਨ ਨਾ ਮਲੂਮ ਵਿਅਕਤੀ ਦਿਖਾਈ ਦਿੱਤੇ। ਜਿੰਨਾਂ ਦੇ ਹੱਥਾਂ ਵਿੱਚ ਸਾਡੇ ਉਕਤ ਟਾਵਰ ਦੇ AZNA ਕਾਰਡ ਇਅਰਟੈਲ ਕੰਪਨੀ ਦੇ ਫੜੇ ਹੋਏ ਸਨ। ਜਿੰਨਾ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਇੰਨਾਂ ਨੇ ਆਪਣਾ ਨਾਮ ਕ੍ਰਮਵਾਰ ਗਗਨਦੀਪ ਸਿੰਘ ਪੁੱਤਰ ਜਗਦੇਵ ਸਿੰਘ, ਅਕਸਾਦੀਪ ਸਿੰਘ ਪੁੱਤਰ ਸੁਖਪਾਲ ਸਿੰਘ ਵਾਸੀਆਨ ਮਹਿਤਾ ਥਾਣਾ ਸੰਗਤ ਜਿਲਾ ਬਠਿੰਡਾ ਅਤੇ ਅਵਤਾਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਗਹਿਰੀ ਬੱਟਰ ਥਾਣਾ ਸੰਗਤ ਜਿਲਾ ਬਠਿੰਡਾ ਦਸਿਆ। ਫਿਰ ਅਸੀ ਪਾਸ ਹੀ ਖੜੀ ਗੱਡੀ ਮਾਰਕਾ ਹੋਡਾ ਸਿਟੀ ਰੰਗ ਕਾਲਾ ਨੰਬਰੀ PB-03- BK-2985 ਬਾਰੇ ਇਹਨਾ ਨੂੰ ਪੁੱਛਿਆ ਤਾ ਇਹਨਾ ਨੇ ਦੱਸਿਆ ਕਿ ਇਹ ਗੱਡੀ ਸਾਡੀ ਹੈ, ਜਿਸ ਤੇ ਮੁੱਦਈ ਮੁਕੱਦਮਾ ਦੇ ਬਿਆਨ ਪਰ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | 02 AZNA ਕਾਰਡ<br>90,000/ ਰੁਪਏ | ਹੋਲ:ਸੰਦੀਪ ਸਿੰਘ |
| 2 | ਸਿਟੀ ਮਲੋਟ | 112 ਮਿਤੀ 21.07.2024 ਅ:ਧ 21-ਬੀ-61-85 ਐਨ.ਡੀ.ਪੀ.ਐਸ ਐਕਟ | ਫੋਕਲ ਪੁਆਇੰਟ ਦਾਨੇਵਾਲਾ ਚੋਕ | ਸ.ਥ ਸੁਖਵਿੰਦਰ ਸਿੰਘ | ਗਗਨਦੀਪ ਸਿੰਘ ਉਰਫ ਗਗਨ ਪੁੱਤਰ ਜੱਗਾ ਸਿੰਘ ਵਾਸੀ ਅਬੁੱਲ ਖੁਰਾਣਾ | ਗ੍ਰਿਫਤਾਰੀ ਹੋ ਚੁੱਕੀ ਹੈ। | ਸ.ਥ ਸੁਖਵਿੰਦਰ ਸਿੰਘ 1303/ਬਠਿੰਡਾ ਵੱਲੋ ਦਰਜ ਕੀਤਾ ਗਿਆ ਹੈ ਕਿ ਦੋਰਾਨੇ ਗਸ਼ਤ ਸਮੇਤ ਪੁਲਿਸ ਪਾਰਟੀ ਦੇ ਫੋਕਲ ਪੁਆਇੰਟ ਦਾਨੇਵਾਲਾ ਚੋਕ ਮੋਜੂਦ ਸੀ ਤਾ ਦੋਰਾਨੇ ਗਸ਼ਤ ਦੋਸ਼ੀ ਗਗਨਦੀਪ ਸਿੰਘ ਉਰਫ ਗਗਨ ਪੁੱਤਰ ਜੱਗਾ ਸਿੰਘ ਵਾਸੀ ਅਬੁੱਲ ਖੁਰਾਣਾ ਪਾਸੋ 10 ਗ੍ਰਾਮ ਹੈਰੋਇੰਨ ਬ੍ਰਾਮਦ ਹੋਣ ਉਕਤ ਮੁਕੱਦਮਾ ਏ.ਐਸ ਆਈ ਸੁਖਵਿੰਦਰ ਸਿੰਘ 1303/ਬਠਿ ਵੱਲੋ ਦਰਜ ਰਜਿਸਟਰ ਕੀਤਾ ਗਿਆ ਅਤੇ ਤਫਤੀਸ਼ ਅਮਲ ਵਿੱਚ ਲਿਆਦੀ ਗਈ । | 10 ਗ੍ਰਾਮ ਹੈਰੋਇੰਨ | ਸ.ਥ ਸੁਖਵਿੰਦਰ ਸਿੰਘ |
| 3 | ਲੰਬੀ | 115 ਮਿਤੀ 21.07.2024 ਅ/ਧ 13A/3/67 G.Act | ਟੀ-ਪੁਆਇੰਟ ਪਿੰਡ ਫੁੱਲੂਖੇੜਾ | ਰੁੱਕਾ ਵੱਲੋਂ: ASI ਰਾਜਵੀਰ ਸਿੰਘ 748/SMS ਪੁਲਿਸ ਚੌਕੀ ਭਾਈ ਕਾ ਕੇਰਾ ਥਾਣਾ ਲੰਬੀ | ਸੂਬਾ ਸਿੰਘ ਉਰਫ ਸ਼ੈਰੀ ਪੁੱਤਰ ਦਰਸ਼ਨ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਫੁੱਲੂਖੇੜਾ | ਬਰ ਜਮਾਨਤ ਰਿਹਾਅ | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ASI ਰਾਜਬੀਰ ਸਿੰਘ 748/SMS ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਭਾਈ ਕਾ ਕੇਰਾ ਤੋਂ ਫੁੱਲੂਖੇੜਾ ਆਦਿ ਨੂੰ ਜਾ ਰਿਹਾ ਸੀ ਜਦ ਪੁਲਿਸ ਪਾਰਟੀ ਟੀ ਪੁਆਇੰਟ ਪਿੰਡ ਫੁੱਲੂਖੇੜਾ ਪਾਸ ਪੁੱਜੀ ਤਾਂ ਮੁਖਬਰ ਖਾਸ ਨੇ ASI ਰਾਜਬੀਰ ਸਿੰਘ 748/SMS ਪਾਸ ਇਤਲਾਹ ਦਿੱਤੀ ਕਿ ਸੂਬਾ ਸਿੰਘ ਉਰਫ ਸ਼ੈਰੀ ਪੁੱਤਰ ਦਰਸ਼ਨ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਫੁੱਲੂਖੇੜਾ ਜੋ ਕਿ ਪਿੰਡ ਫੁੱਲੂਖੇੜਾ ਸੇਮਨਾਲਾ ਸ਼ੇਰਾਂਵਾਲੀ ਪੱਕੀ ਰੋਡ ਤੇ ਤੁਰ ਫਿਰ ਕੇ ਦੜਾ ਸੱਟਾ ਲਗਵਾ ਰਿਹਾ ਹੈ ਅਤੇ ਉੱਚੀ-ਉੱਚੀ ਕਹਿ ਰਿਹਾ ਹੈ ਕਿ ਜੇਕਰ ਕੋਈ ਉਸ ਪਾਸ ਇੱਕ ਰੁਪਏ ਦਾ ਦੜਾ ਸੱਟਾ ਲਗਾਏਗਾ ਤਾਂ ਉਹ ਉਸਦਾ ਲਗਾਇਆ ਹੋਇਆ ਨੰਬਰ ਆਉਣ ਪਰ ਇੱਕ ਰੁਪਏ ਦੇ ਬਦਲੇ 70/- ਰੁਪਏ ਦੇਵੇਗਾ ਜੇਕਰ ਲਾਇਆ ਹੋਇਆ ਨੰਬਰ ਨਾ ਆਇਆ ਤਾਂ ਨੰਬਰ ਪਰ ਲੱਗੀ ਹੋਈ ਰਕਮ ਖੁਦ ਹਜ਼ਮ ਕਰ ਜਾਵੇਗਾ।ਜੇਕਰ ਸੂਬਾ ਸਿੰਘ ਉਰਫ ਸ਼ੈਰੀ ਉਕਤ ਪਰ ਹੁਣੇ ਹੀ ਰੇਡ ਕੀਤਾ ਜਾਵੇ ਤਾਂ ਰੰਗੇ ਹੱਥੀ ਕਾਬੂ ਆ ਸਕਦਾ ਹੈ।ਇਤਲਾਹ ਮੋਹਤਬਰ ਅਤੇ ਭਰੋਸੇਯੋਗ ਹੋਣ ਤੇ ਮੁਕੱਦਮਾ ਉਕਤ ਦਰਜ ਕੀਤਾ ਗਿਆ। ਦੇ ਦਰਜ ਕਰਨਾ ਸ਼ੁਰੂ ਕੀਤਾ ਜਾਦਾ ਹੈ। | 2020/- ਰੁਪਏ ਦੇ ਭਾਰਤੀ ਕਰੰਸੀ ਨੋਟ | ASI ਰਾਜਵੀਰ ਸਿੰਘ |
| 4 | ਲੰਬੀ | 116 ਮਿਤੀ 21.07.2024 ਅ/ਧ 21B/61/85 NDPS Act | ਚੁਰਸਤਾ ਚੌਕ ਬੇਰੀਆਂ ਪਿੰਡ ਬੀਦੋਵਾਲੀ ਬਾਹੱਦ ਪਿੰਡ ਮਾਨ | ਰੁੱਕਾ ਵੱਲੋਂ: ASI ਮਨਜੀਤ ਸਿੰਘ | ਆਕਾਸ਼ਦੀਪ ਸਿੰਘ ਉਰਫ ਡਿੰਪਲ ਪੁੱਤਰ ਸਰਬਜੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਬਾਦਲ | ਹੋ ਚੁੱਕੀ ਹੈ | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਕਿ ASI ਮਨਜੀਤ ਸਿੰਘ 60/SMS ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਪਿੰਡ ਲੰਬੀ, ਖਿਓਵਾਲੀ, ਬਾਦਲ, ਬੀਦੋਵਾਲੀ ਆਦਿ ਨੂੰ ਜਾ ਰਹੇ ਸੀ ਜਦ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਬਾਦਲ ਲੰਘਕੇ ਚੁਰਸਤਾ ਚੌਕ ਬੇਰੀਆਂ ਪਿੰਡ ਬੀਦੋਵਾਲੀ ਦੀ ਤਰਫੋਂ ਇੱਕ ਮੋਨਾ ਨੌਜਵਾਨ ਸੜਕ ਦੇ ਸੱਜੇ ਹੱਥ ਪਿੰਡ ਬਾਦਲ ਨੂੰ ਆ ਰਿਹਾ ਸੀ, ਜੋ ਪੁਲਿਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਘਬਰਾ ਕੇ ਪਿੱਛੇ ਨੂੰ ਖਿਸਕਨ ਲੱਗਾ ਤਾ ਤਾਂ ASI ਮਨਜੀਤ ਸਿੰਘ 60/SMS ਨੇ ਗੱਡੀ ਰੁਕਵਾ ਕੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਥੋੜੀ ਦੂਰੀ ਕਰੀਬ 10 ਫੁੱਟ ਪਰ ਕਾਬੂ ਕੀਤਾ, ਜਿਸਦੀ ਪਹਿਨੀ ਹੋਈ ਲੋਅਰ ਰੰਗ ਕਾਲਾ ਦੀ ਸੱਜੀ ਜੇਬ ਕੁੱਝ ਉਭਰੀ ਹੋਈ ਸੀ। ASI ਮਨਜੀਤ ਸਿੰਘ 60/SMS ਨੇ ਕਾਬੂ ਕੀਤੇ ਨੌਜਵਾਨ ਦਾ ਨਾਮ ਪਤਾ ਪੁੱਛਿਆ । ASI ਮਨਜੀਤ ਸਿੰਘ 60/SMS ਨੇ ਆਕਾਸ਼ਦੀਪ ਸਿੰਘ ਉਰਫ ਡਿੰਪਲ ਉਕਤ ਦੀ ਪਹਿਨੀ ਲੋਅਰ ਰੰਗ ਕਾਲਾ ਦੀ ਸੱਜੀ ਜੇਬ ਜੋ ਕੁੱਝ ਉਭਰੀ ਹੋਈ ਹੈ ਨੂੰ ਟਾਰਚ ਦੀ ਰੋਸ਼ਨੀ ਨਾਲ ਚੈੱਕ ਕੀਤਾ ਤਾਂ ਉਸ ਵਿੱਚੋਂ ਇਕ ਪਾਰਦਰਸ਼ੀ ਮੋਮੀ | 07 ਗ੍ਰਾਮ ਹੈਰੋਇਨ | ASI ਮਨਜੀਤ ਸਿੰਘ |

| | | | | | | | | | |
|---|---|---|---|---|---|---|---|---|---|
| | | | | | | | ਲਿਫਾਫੀ ਮਿਲੀ ਜਿਸ ਨੂੰ ਚੈੱਕ ਕਰਨ ਤੇ ਇਸ ਵਿੱਚੋ ਹੈਰੋਇਨ ਬਰਾਮਦ ਹੋਈ। ਜਿਸਦਾ ਵਜਨ ਤਫਤੀਸ਼ੀ ਬੈਗ ਵਿਚਲੇ ਕੰਪਿਊਟਰ ਕੰਡੇ ਨਾਲ ਕੀਤਾ ਗਿਆ, ਜੋ ਵਜਨ ਕਰਨ ਪਰ ਸਮੇਤ ਪਾਰਦਰਸ਼ੀ ਮੋਮੀ ਲਿਫਾਫੀ 07 ਗਰਾਮ ਹੈਰੋਇਨ ਹੋਈ। ਜਿਸ ਤੇ ਮੁਕੱਦਮਾ ਉਕਤ ਦਰਜ ਕੀਤਾ ਗਿਆ।ਫ ਦੇ ਦਰਜ ਕਰਨਾ ਸ਼ੁਰੂ ਕੀਤਾ ਜਾਦਾ ਹੈ। | | |
| 5 | ਬਰੀਵਾਲਾ | 55<br>ਮਿਤੀ 21.07.24<br>U/S<br>21-B/61/85<br>NDPS ACT | ਬਾਹੱਦ ਮੋਤਲੇਵਾਲਾ | ਸ:ਥ ਰਾਜਬੀਰ ਸਿੰਘ | 1.ਇੰਦਰਜੀਤ ਸਿੰਘ ਉਰਫ ਇੰਦਰ ਪੁੱਤਰ ਕ੍ਰਿਸ਼ਨ ਸਿੰਘ ਵਾਸੀ ਮਰਾਂੜ ਕਲਾ<br><br>2. ਸੁਖਪ੍ਰੀਤ ਸਿੰਘ ਉਰਫ ਸੁੱਖੀ ਪੁੱਤਰ ਕੁਲਦੀਪ ਸਿੰਘ ਵਾਸੀ ਮੋਤਲੇਵਾਲਾ | ਹੋ ਚੁੱਕੀ ਹੈ | ਸੰਖੇਪ ਹਾਲਾਤ ਮੁੱਕਦਮਾ ਇਸ ਪ੍ਰਕਾਰ ਹੈ ਕਿ ਅੱਜ ਸ:ਥ ਰਾਜਬੀਰ ਸਿੰਘ ਨੰ 430/ਸਮਸ ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਤੇ ਵਹੀਕਲਾ ਦੇ ਸਬੰਧ ਵਿੱਚ ਮੰਡੀ ਬਰੀਵਾਲਾ ,ਮਰਾੜਕਲਾ , ਮੋਤਲੇਵਾਲਾ ਅਤੇ ਚੱਕ ਮੋਤਲੇਵਾਲਾ ਨੂੰ ਜਾ ਰਿਹਾ ਸੀ ਤਾ ਜਦ ਪੁਲਿਸ ਪਾਰਟੀ ਟੀ ਪੁਆਇੰਟ ਬਾਹੱਦ ਮੋਤਲੇਵਾਲਾ ਮੌੜ ਪਰ ਪੁੱਜੀ ਤਾ ਖੱਬੇ ਹੱਥ ਬੋਹੜ ਦੇ ਦਰੱਖਤ ਹੇਠ ਬਣੇ ਕਮਰੇ ਦੇ ਨਜਦੀਕ ਦੋ ਮੋਨੇ ਨੌਜਵਾਨ ਮੋਮੀ ਲਿਫਾਫਾ ਵਿੱਚੋ ਕੁਝ ਕੱਢਦੇ ਦਿਖਾਈ ਦਿੱਤੇ ਤਾ ਜਿਹਨਾ ਨੂੰ ਸ:ਥ ਰਾਜਬੀਰ ਸਿੰਘ ਉਕਤ ਨੇ ਸਾਥੀ ਕਰਮਚਾਰੀਆ ਦੇ ਕਾਬੂ ਕਰਕੇ ਨਾਮ ਪਤਾ ਪੁੱਛਿਆ ਤੇ ਜਿਹਨਾ ਦੇ ਕਬਜੇ ਵਿਚੋ ਹੈਰੋਇਨ ਬਰਾਮਦ ਹੋਣ ਤੇ ਇਤਲਾਹ ਲਿਖਕੇ ਹੱਥੀ ਸੀ.ਸਿਪਾਹੀ ਜਗਵਿੰਦਰ ਸਿੰਘ ਨ: 1076/ਸਮਸ ਦੇ ਰੈਗੂਲਰ NGO ਭੇਜਣ ਸਬੰਧੀ ਥਾਣੇ ਭੇਜੀ । ਜਿਸ ਤੇ ਸ:ਥ ਗੁਰਾਦਿੱਤਾ ਸਿੰਘ ਨੰ: 226/ਸਮਸ ਨੇ ਰਪਟ ਦਰਜ ਰੋਜਨਾਮਚਾ ਕਰਕੇ ਸਮੇਤ ਸਾਥੀ ਕਰਮਚਾਰੀਆ ਦੇ ਮੌਕਾ ਵਕੂਆ ਪਰ ਪੁੱਜ ਕੇ ਉਕਤਾਨ ਨੌਜਵਾਨਾ ਪਾਸ 15 ਗਰਾਮ ਹੈਰੋਇਨ ਬਰਾਮਦ ਹੋਣ ਤੇ ਰੁੱਕਾ ਲਿਖ ਕੇ ਥਾਣਾ ਭੇਜ ਕੇ ਉਕਤ ਮੁੱਕਦਮਾ ਦਰਜ ਰਜਿਸਟਰ ਕਰਵਾਇਆ । | 15 ਗਰਾਮ ਹੈਰੋਇਨ ਸਮੇਤ ਪਾਰਦਰਸ਼ੀ ਮੋਮੀ ਲਿਫਾਫਾ | ਸ:ਥ ਗੁਰਾਦਿੱਤਾ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ